



(ਭਾ'ਜੀ ਗੁਰਸ਼ਰਨ ਸਿੰਘ ਦੀ ਪਹਿਲੀ ਬਰਸੀ 'ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਕਰਵਾਏ ਗਏ ਸੈਮੀਨਾਰ 'ਤੇ ਦਿੱਤੇ ਗਏ ਕੁੰਜੀਵਤ ਭਾਸ਼ਣ ਦਾ ਸੋਧਿਆ ਹੋਇਆ ਰੂਪ।)

# ਭਾ'ਜੀ ਗੁਰਸ਼ਰਨ ਸਿੰਘ ਤੇ ਉਨ੍ਹਾਂ ਦੇ ਨਾਟਕ

*ਸਵਰਾਜਬੀਰ*



ਮੈਂ ਭਾ'ਜੀ ਗੁਰਸ਼ਰਨ ਸਿੰਘ ਹੋਰਾਂ ਬਾਬਤ ਗੱਲਬਾਤ ਹਮੇਸ਼ਾ ਇਕ ਰੂਬਰੂ ਤੋਂ ਸ਼ੁਰੂ ਕਰਦਾ ਹਾਂ। ਇਹ ਸ਼ਾਇਦ 1993 ਮਾਰਚ ਜਾਂ ਅਪਰੈਲ ਦੀ ਗੱਲ ਹੈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਗੁਰਸ਼ਰਨ ਸਿੰਘ ਹੋਰਾਂ ਦਾ ਰੂਬਰੂ ਸੀ। 1992 ਦਸੰਬਰ ਅਤੇ ਉਸ ਤੋਂ ਬਾਅਦ ਜੋ ਕੁਝ ਹੋਇਆ ਸੀ, ਉਹ ਸਭ ਕੁਝ ਅਜੇ ਹਰਿਆ ਸੀ। ਇਕ ਸਰੋਤੇ ਨੇ ਕਿਸੇ ਵਿਦੇਸ਼ੀ ਟੈਲੀਵਿਜ਼ਨ ਤੋਂ ਦਿਖਾਈ ਫ਼ਿਲਮ ਦਾ ਜ਼ਿਕਰ ਕੀਤਾ, ਜਿਸ ਵਿਚ ਇਹ ਦਿਖਾਇਆ ਗਿਆ ਸੀ ਕਿ ਭਾਰਤ ਵਿਚ ਕਿਸੇ ਥਾਂ 'ਤੇ ਮੁਸਲਮਾਨ ਔਰਤਾਂ ਨੂੰ ਨੰਗਿਆਂ ਕਰਕੇ ਉਨ੍ਹਾਂ ਦਾ ਜਲੂਸ ਕੱਢਿਆ ਗਿਆ ਸੀ। ਇਕ ਹੋਰ ਸਰੋਤੇ ਨੇ ਕਿਹਾ ਕਿ ਇਸ ਵਿਚ ਕਿਹੜੀ ਖ਼ਾਸ ਗੱਲ ਹੈ, ਇਹ ਤਾਂ ਸਾਡੇ ਸ਼ਹਿਰ ਅੰਮ੍ਰਿਤਸਰ ਵਿਚ ਹੋਇਆ ਸੀ, ਸੰਨ '47 'ਚ। ਏਥੇ ਵੀ ਇਕ ਜਲੂਸ ਕੱਢਿਆ ਗਿਆ ਸੀ, ਜਿਸ ਵਿਚ ਔਰਤਾਂ ਨੂੰ ਇਸੇ ਤਰ੍ਹਾਂ ਨੰਗਿਆਂ ਕਰਕੇ ਬੇਪਤੀ ਕੀਤੀ ਗਈ ਸੀ। ਉਸ ਸਮੇਂ ਦੇ ਮਸ਼ਹੂਰ ਨੇਤਾ ਉਸ ਜਲੂਸ ਵਿਚ ਘੋੜਿਆਂ 'ਤੇ ਨਾਲ ਨਾਲ ਸਨ। ਇਹ ਜਲੂਸ ਕੱਟੜਾ ਜੈਮਲ ਸਿੰਘ ਤੋਂ ਸ਼ੁਰੂ ਹੋਇਆ ਸੀ। ਗੁਰਸ਼ਰਨ ਸਿੰਘ ਆਪਣੇ ਅੰਦਾਜ਼ ਵਿਚ ਉੱਠੇ ਤੇ ਉਨ੍ਹਾਂ ਦੱਸਿਆ ਕਿ ਇਹ ਜਲੂਸ ਜ਼ਰੂਰ ਨਿਕਲਿਆ ਸੀ ਪਰ ਇਹ ਜਲੂਸ ਰੋਕਿਆ ਵੀ

ਗਿਆ ਸੀ। ਉਨ੍ਹਾਂ ਨੇ ਦੱਸਿਆ ਕਿ ਜਿਨ੍ਹਾਂ ਨੇ ਉਸ ਜਲੂਸ ਨੂੰ ਰੋਕਿਆ ਸੀ, ਉਨ੍ਹਾਂ ਵਿਚ ਉਹ ਆਪ ਤੇ ਉਨ੍ਹਾਂ ਦੀ ਭੈਣ ਸਨ। ਉਨ੍ਹਾਂ ਦੀ ਭੈਣ ਨੇ ਅਗਾਂਹ ਹੋ ਕੇ ਕਿਹਾ ਸੀ ਕਿ ਜੇ ਇਹ ਜਲੂਸ ਨਾ ਰੋਕਿਆ ਗਿਆ ਅਤੇ ਇਹ ਬੇਪਤੀ ਬੰਦ ਨਾ ਕੀਤੀ ਗਈ ਤਾਂ ਉਹ ਆਪ ਵੀ ਆਪਣੇ ਕੱਪੜੇ ਪਾੜ ਕੇ ਇਸ ਜਲੂਸ ਵਿਚ ਸ਼ਾਮਲ ਹੋ ਜਾਵੇਗੀ, ਮੁਸਲਮਾਨ ਔਰਤਾਂ ਨਾਲ...। ਤੇ ਫਿਰ ਜਲੂਸ ਰੁਕ ਗਿਆ ਸੀ, ਰੋਕ ਦਿੱਤਾ ਗਿਆ ਸੀ। ਮੈਂ ਬੋਲ ਰਹੇ ਗੁਰਸ਼ਰਨ ਸਿੰਘ ਹੋਰਾਂ ਦਾ ਚਿਹਰਾ ਦੇਖ ਰਿਹਾ ਸਾਂ। ਉਸ ਸਮੇਂ ਉਨ੍ਹਾਂ ਨੂੰ ਦੇਖ ਕੇ ਮੈਨੂੰ ਲੱਗਾ ਤੇ ਹੁਣ ਵੀ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਗੁਰਸ਼ਰਨ ਸਿੰਘ ਦੀ ਪੰਜਾਬ ਨੂੰ ਦੇਣ ਸਿਰਫ਼ ਸਾਹਿਤਕ ਹੀ ਨਹੀਂ, ਉਹ ਪੰਜਾਬ ਦੇ ਇਤਿਹਾਸ ਦਾ ਹਿੱਸਾ ਹਨ ਅਤੇ ਇਤਿਹਾਸ ਨਾਲ ਬਹਿਸ ਜਾਂ ਤਰਕ ਨਹੀਂ ਕੀਤਾ ਜਾ ਸਕਦਾ।

ਮੇਰਾ ਇਹ ਭਾਸ਼ਣ ਮੁੱਖ ਤੌਰ 'ਤੇ ਵਿਦਿਆਰਥੀਆਂ ਲਈ ਹੈ। ਮੈਂ ਵਿਦਿਆਰਥੀਆਂ ਦਾ ਧਿਆਨ ਇਸ ਗੱਲ ਵੱਲ ਦਵਾਉਣਾ ਚਾਹੁੰਦਾ ਹਾਂ ਕਿ ਆਓ ਵੇਖੀਏ ਕਿ ਵੀਹਵੀਂ ਸਦੀ ਵਿਚ ਦੁਨੀਆ ਦੇ ਨਾਟਕਕਾਰਾਂ ਸਾਹਮਣੇ ਕੀ ਸਮੱਸਿਆਵਾਂ ਸਨ, ਕੀ ਵਿਕਲਪ ਸਨ ਅਤੇ ਉਨ੍ਹਾਂ ਨੇ ਕੀ ਕੀਤਾ? ਹਿੰਦੁਸਤਾਨ ਦੇ ਨਾਟਕਕਾਰਾਂ ਨੇ ਕੀ ਕੀਤਾ, ਪੰਜਾਬ ਦੇ ਨਾਟਕਕਾਰਾਂ ਕੀ ਕੀਤਾ ਅਤ ਭਾ'ਜੀ ਗੁਰਸ਼ਰਨ ਸਿੰਘ ਨੇ ਕੀ ਕੀਤਾ?

ਮੈਂ ਆਪਣੀ ਗੱਲ ਜਰਮਨੀ ਦੇ ਹਲਾਤਾਂ ਤੋਂ ਸ਼ੁਰੂ ਕਰਦਾ ਹਾਂ ਜਿਹੜਾ ਪਹਿਲੇ ਤੇ ਦੂਸਰੇ ਵਿਸ਼ਵ ਯੁੱਧਾਂ ਦਾ ਕੇਂਦਰ ਰਿਹਾ। ਪਹਿਲੇ ਸੰਸਾਰ ਯੁੱਧ ਵਿਚ ਵੱਖ-ਵੱਖ ਅੰਦਾਜ਼ਿਆਂ ਅਨੁਸਾਰ ਨੱਬੇ ਲੱਖ ਤੋਂ ਡੇਢ ਕਰੋੜ ਤਕ ਲੋਕ ਮਾਰੇ ਗਏ। ਇਹ ਯੁੱਧ ਬਸਤੀਆਂ ਹਥਿਆਉਣ ਲਈ ਲੜਿਆ ਗਿਆ ਸੀ। ਇਸ ਯੁੱਧ ਤੋਂ ਬਾਅਦ ਜਰਮਨੀ ਵਿਚ ਨਾਜ਼ੀਵਾਦ ਉੱਭਰਿਆ ਤੇ ਜਰਮਨੀ 'ਤੇ ਕਾਬਜ਼ ਹੋ ਗਿਆ। ਇਹ ਗੱਲ ਸ਼ਾਇਦ ਇਤਿਹਾਸਕ ਇਤਫ਼ਾਕ ਜਾਂ ਉਨ੍ਹਾਂ ਇਤਿਹਾਸਕ ਹਾਲਾਤਾਂ ਦੀ ਦੇਣ ਹੈ ਕਿ ਉਥੇ ਵੀਹਵੀਂ ਸਦੀ ਦਾ ਸਭ ਤੋਂ ਮਹਾਨ ਨਾਟਕਕਾਰ ਬਰੈਖ਼ਤ ਸਾਹਮਣੇ ਆਇਆ ਅਤੇ ਉਸ ਨੇ ਨਾਜ਼ੀਵਾਦ ਵਿਰੁੱਧ ਲੜਾਈ ਲੜੀ। ਮਨੁੱਖਤਾ ਦੇ ਬੁਨਿਆਦੀ ਪ੍ਰਸ਼ਨ ਉਠਾਏ। ਬਰੈਖ਼ਤ ਨੇ ਕਿਹਾ, "ਭੁੱਖੇ ਬੰਦਿਆ! ਕਿਤਾਬ ਫੜ! ਇਹ ਹਥਿਆਰ ਹੈ।" ਉਸ ਨੇ ਮਹਾਂ-ਕਾਵਿਕ ਨਾਟਕ ਦੀ ਨੀਂਹ ਰੱਖੀ ਤੇ 'ਕਜਾਕੀਅਨ ਚਾਕ ਸਰਕਲ' ਤੋਂ ਲੈ ਕੇ 'ਮਦਰ ਕਰੇਜ' ਵਰਗੇ ਵੱਡੇ ਨਾਟਕ ਲਿਖੇ ਜੋ ਜਰਮਨੀ ਵਿਚ ਨਾਜ਼ੀਆਂ ਵਿਰੁੱਧ ਲੜਨ ਵਾਲੇ ਲੋਕਾਂ ਨੇ ਤਾਂ ਖੇਡੇ ਹੀ, ਪਰ ਨਾਲ ਨਾਲ ਦੁਨੀਆ ਦੇ ਕੋਨੇ ਕੋਨੇ ਵਿਚ ਬਸਤੀਵਾਦ ਵਿਰੁੱਧ ਲੜਨ ਵਾਲੇ ਲੋਕਾਂ ਤੇ ਜਬਰ ਜ਼ੁਲਮ ਵਿਰੁੱਧ ਲੜਨ ਵਾਲੇ ਲੋਕਾਂ ਨੇ ਵੀ ਖੇਡੇ। ਬਰੈਖ਼ਤ ਦੇ ਨਾਟਕ ਸੰਘਰਸ਼ਸ਼ੀਲ ਲੋਕਾਂ ਲਈ ਪ੍ਰੇਰਨਾ ਦੇ ਸ੍ਰੋਤ ਬਣੇ। ਆਪਣੇ ਨਾਟਕ 'ਗੁੱਡ ਪਰਸਨ ਆਫ਼ ਸਜੇਵਨ' ਵਿਚ ਉਸ ਨੇ ਸਾਡੇ ਸਮਿਆਂ ਦੇ ਸਭ ਤੋਂ ਵੱਡੇ ਤੇ ਮੁਸ਼ਕਿਲ ਪ੍ਰਸ਼ਨ ਦਾ ਉੱਤਰ ਦੇਣ ਦੀ ਕੋਸ਼ਿਸ਼ ਕੀਤੀ। ਉਹ ਪ੍ਰਸ਼ਨ ਹੈ ਕਿ ਇਨ੍ਹਾਂ ਬੇਈਮਾਨ ਸਮਿਆਂ ਵਿਚ ਇਕ ਈਮਾਨਦਾਰ ਬੰਦਾ ਕੀ ਕਰ ਸਕਦਾ ਹੈ? ਇਹ ਨਾਟਕ ਇਕ ਚੀਨੀ ਲੋਕ ਕਥਾ 'ਤੇ ਆਧਾਰਿਤ ਹੈ। ਨਾਟਕ ਦੇ ਅੰਤ ਵਿਚ ਦੇਵਤੇ ਨਾਟਕ ਦੀ ਨਾਇਕਾ ਜੋ ਇਕ ਚੰਗੀ ਔਰਤ ਹੈ, ਨੂੰ ਇਹ ਦੱਸਣ ਦੀ ਕੋਸ਼ਿਸ਼ ਕਰਦੇ ਹਨ ਕਿ ਇਸ ਸੰਸਾਰ ਵਿਚ ਪੂਰੀ ਈਮਾਨਦਾਰੀ ਨਾਲ ਜੀਣਾ ਮੁਸ਼ਕਿਲ ਏ। ਦੇਵਤੇ ਔਰਤ ਨੂੰ ਦੱਸਦੇ ਹਨ ਕਿ ਈਮਾਨਦਾਰੀ ਨਾਲ ਜੀਣ ਲਈ ਤੈਨੂੰ ਬੇਈਮਾਨੀ ਨਾਲ ਲੜਨ ਲਈ ਕੋਈ ਢੰਗ ਤਰੀਕਾ ਲੱਭਣਾ ਪਵੇਗਾ ਤੇ ਹੋ ਸਕਦਾ ਏ ਕਿ ਉਹ ਢੰਗ ਤਰੀਕਾ ਪੂਰੀ ਈਮਾਨਦਾਰੀ ਵਾਲਾ ਨਾ ਹੋਵੇ। ਇਸ ਤਰ੍ਹਾਂ ਬਰੈਖ਼ਤ ਨੇ ਮਾਰਕਸ ਦੀ ਦੁਨੀਆ ਨੂੰ ਬਦਲ ਦੇਣ ਵਾਲੀ ਕਥਨਕਾਰੀ ਨੂੰ ਦੁਹਰਾਇਆ ਤੇ ਕਿਹਾ, "Because the things are way they are, thing will not stay the way they are" ਅਰਥਾਤ ਇਹ ਵੱਖਰੀ ਗੱਲ ਹੈ ਕਿ ਹਾਲਾਤ ਜਿੱਦਾਂ ਦੇ ਹਨ ਪਰ ਇਹ ਵੀ ਨਿਸ਼ਚਿਤ ਹੈ ਕਿ ਹਾਲਾਤ ਓਦਾਂ ਦੇ ਨਹੀਂ ਰਹਿਣਗੇ ਜਿੱਦਾਂ ਦੇ ਹਨ। ਬਰੈਖ਼ਤ ਦਾ ਜ਼ਿਕਰ ਕਰਦਿਆਂ ਬਰੈਖ਼ਤ ਦਾ ਇਹ ਕਥਨ ਦੁਹਰਾਉਣਾ ਜ਼ਰੂਰੀ ਹੈ : "ਜਦ ਮੈਂ 'ਕੈਪੀਟਲ' (ਮਾਰਕਸ ਦੀ ਕਿਤਾਬ 'ਸਰਮਾਇਆ') ਪੜ੍ਹੀ ਤਾਂ ਮੈਂ ਜਾਣਿਆ ਕਿ ਮੇਰੇ ਨਾਟਕਾਂ ਦਾ ਦਰਸ਼ਕ ਕੌਣ ਹੈ।" ਕਹਿਣ ਦਾ ਮਤਲਬ ਇਹ ਹੈ ਕਿ ਜਰਮਨੀ ਵਿਚ ਨਾਟਕਕਾਰ ਕੋਲ ਕਹਿਣ, ਸੁਣਨ ਤੇ ਲਿਖਣ ਲਈ ਜੋ ਬਚਿਆ ਸੀ, ਉਹ ਸੀ ਸੰਘਰਸ਼ ਤੇ ਬਰੈਖ਼ਤ ਨੇ ਸੰਘਰਸ਼ ਕੀਤਾ।

ਜਰਮਨੀ ਦੇ ਗੁਆਂਢੀ ਦੇਸ਼ ਫਰਾਂਸ ਵਿਚ ਕੀ ਹੁੰਦਾ ਹੈ? ਉਸ ਦੇਸ ਦੇ ਤੇਰ੍ਹਾਂ ਲੱਖ ਬੰਦੇ ਪਹਿਲੀ ਸੰਸਾਰ ਜੰਗ ਵਿਚ ਮਾਰੇ ਗਏ, ਬਤਾਲੀ ਲੱਖ ਘਾਇਲ ਹੋਏ ਤੇ ਪੰਜ ਲੱਖ ਲਾਪਤਾ। ਦੂਸਰੀ ਸੰਸਾਰ ਜੰਗ ਵਿਚ ਜਰਮਨੀ ਨੇ ਫਰਾਂਸ ਨੂੰ ਨੇਸਤੋਨਬੂਦ ਕਰ ਦਿੱਤਾ। ਨਾਜ਼ੀਆਂ ਦਾ ਫਰਾਂਸ 'ਤੇ ਕਬਜ਼ਾ ਹੋ ਗਿਆ। ਆਓ ਵੇਖੀਏ, ਇਨ੍ਹਾਂ ਹਾਲਾਤਾਂ ਵਿਚ ਫਰਾਂਸ ਦੇ ਚਿੰਤਕ ਤੇ ਲੇਖਕ ਕੀ ਕਰਦੇ ਹਨ? ਯਾਂ ਪਾਲ ਸਾਰਤਰ ਤੇ ਕਾਮੂ ਕੀ ਕਰਦੇ ਹਨ? ਯਾਂ ਪਾਲ ਸਾਰਤਰ ਉਨ੍ਹਾਂ ਵੇਲਿਆਂ ਵਿਚਲੀ ਬੇਗਾਨਗੀ ਤੇ ਨਿਰਾਸ਼ਾ ਦਾ ਚਿਤਰਣ ਕਰਦਾ ਹੈ ਤਾਂ 'ਨਾਜ਼ੀਆ' ਵਰਗਾ ਨਾਵਲ ਲਿਖਦਾ ਹੈ। ਅਸਤਿਤ੍ਵਵਾਦੀ ਫ਼ਲਸਫ਼ੇ ਨਾਲ ਜੂਝਦਾ ਹੈ ਤਾਂ ਅਸਤਿਤ੍ਵਵਾਦੀ ਫ਼ਲਸਫ਼ੇ ਦੀ ਕਲਾਸੀਕਲ ਕਿਤਾਬ 'ਬੀਇੰਗ ਐਂਡ ਨਥਿੰਗਨੈੱਸ' ਲਿਖਦਾ ਹੈ। ਨਾਜ਼ੀ ਵਿਰੋਧੀ ਲੜਾਈ ਵਿਚ ਸ਼ਾਮਿਲ ਹੁੰਦਾ ਹੈ। ਪਰ ਜਦ ਉਹ ਆਪਣਾ ਵਿਰੋਧ ਆਮ ਜਨਤਾ ਵਿਚ ਦਰਜ਼ ਕਰਾਉਣਾ ਚਾਹੁੰਦਾ ਹੈ ਅਤੇ ਲੋਕਾਂ ਦੀ ਆਤਮਾ ਨੂੰ ਝਿੰਜੋੜਣਾ ਚਾਹੁੰਦਾ ਹੈ ਤਾਂ ਉਹ ਨਾਟਕ ਦੀ ਵਿਧੀ ਚੁਣਦਾ ਹੈ। 'ਮੱਖੀਆਂ' ਨਾਮਕ ਨਾਟਕ

ਲਿਖਦਾ ਹੈ ਜਿਸ ਵਿਚ ਨਾਇਕ ਗੁਲਾਮੀ ਦੀ ਜ਼ਿੰਦਗੀ ਦੇ ਵਿਰੁੱਧ ਆਜ਼ਾਦੀ ਦੀ ਚੋਣ ਕਰਦਾ ਹੈ, ਆਪਣੇ ਆਜ਼ਾਦ ਹੋਣ ਦਾ ਐਲਾਨ ਕਰਦਾ ਹੈ। ਨਾਟਕ ਵਿਚ ਮਹਾਂ-ਦੇਵ ਜਿਊਸ (Zeus) ਇਹ ਕਹਿਣ 'ਤੇ ਮਜਬੂਰ ਹੋ ਜਾਂਦਾ ਹੈ ਕਿ ਉਸ ਦਾ (ਰੱਬ ਜਾਂ ਦੇਵਤਿਆਂ ਦਾ) ਉਨ੍ਹਾਂ ਮਨੁੱਖਾਂ 'ਤੇ ਕੋਈ ਹੁਕਮ ਨਹੀਂ ਚੱਲ ਸਕਦਾ, ਜਿਨ੍ਹਾਂ ਨੇ ਆਜ਼ਾਦੀ ਦੀ ਚੋਣ ਕਰ ਲਈ ਹੋਵੇ। ਆਜ਼ਾਦੀ ਦਾ ਫ਼ਲਸਫ਼ਾ, ਚੋਣ ਕਰਨ ਦਾ ਅਧਿਕਾਰ, ਮਨੁੱਖ ਦੀ ਹੋਣੀ ਮਨੁੱਖ ਦੇ ਹੱਥ ਵੱਸ ਹੋਣ ਦਾ ਫ਼ਲਸਫ਼ਾ ਤੇ ਇਹ ਚੁਨਣ ਦਾ ਫ਼ਲਸਫ਼ਾ ਕਿ ਮਨੁੱਖ ਨੇ ਕਰਨਾ ਕੀ ਹੈ, ਅਜਿਹੇ ਸੰਕਲਪ ਹਨ, ਜਿਨ੍ਹਾਂ ਦੇ ਆਧਾਰ 'ਤੇ ਸਾਰਤਰ ਲੋਕਾਂ ਨੂੰ ਨਾਜ਼ੀਵਾਦ ਵਿਰੁੱਧ ਲੜਨ ਲਈ ਵੰਗਾਰਦਾ ਹੈ। ਏਸੇ ਤਰ੍ਹਾਂ ਕਾਮੂ ਨਾਟਕ ਲਿਖ ਕੇ ਨਾਜ਼ੀਵਾਦ ਨੂੰ ਪਲੇਗ ਦੇ ਵਜੋਂ ਚਿਤਰਦਾ ਹੈ। 'ਪਲੇਗ' ਨਾਂ ਦਾ ਨਾਵਲ ਬਾਅਦ ਵਿਚ ਲਿਖਿਆ ਜਾਂਦਾ ਹੈ।

ਏਸ ਤਰ੍ਹਾਂ ਸਪੇਨ ਵਿਚ ਲੋਰਕਾ ਲੋਕ-ਪੱਖੀ ਨਾਟਕ ਕਰਦਾ ਹੈ ਤੇ ਫਾਸ਼ੀਵਾਦ ਦੇ ਵਿਰੁੱਧ ਆਵਾਜ਼ ਉਠਾਉਂਦਾ ਹੈ। ਇਹ ਆਵਾਜ਼ ਉਠਾਉਣ ਦੀ ਕੀਮਤ ਉਹਨੂੰ ਦੇਣੀ ਪੈਂਦੀ ਹੈ। ਉਹਨੂੰ ਗੋਲੀ ਮਾਰ ਦਿੱਤੀ ਜਾਂਦੀ ਹੈ। ਏਸੇ ਤਰ੍ਹਾਂ ਇੰਗਲੈਂਡ ਵਿਚ ਨਾਟਕਕਾਰ ਨਾਜ਼ੀਵਾਦ ਤੇ ਫਾਸ਼ੀਵਾਦ ਵਿਰੁੱਧ ਆਵਾਜ਼ ਉਠਾਉਂਦੇ ਹਨ। ਟੈਰੰਸ ਰੈਟੀਗਾਨ ਤੇ ਐਨਥਨੀ ਮਾਰਿਸ ਹਿਟਲਰ ਉੱਤੇ ਖੁੱਲ੍ਹ-ਮ-ਖੁੱਲ੍ਹਾ ਵਿਅੰਗ ਕਰਦੇ ਹਨ, 'ਫਾਲੋ ਮਾਈ ਲੀਡਰ' ਲਿਖਦੇ ਹਨ। ਪਹਿਲਾਂ ਪਹਿਲਾਂ ਅੰਗਰੇਜ਼ੀ ਹਕੂਮਤ ਇਸ ਨੂੰ ਪੇਸ਼ ਕਰਨ ਦੀ ਇਜਾਜ਼ਤ ਨਹੀਂ ਦਿੰਦੀ। ਇੰਗਲੈਂਡ ਵਿਚ ਸਿਆਸੀ ਨਾਟਕ ਦੀ ਪਰੰਪਰਾ ਦਾ ਇਤਿਹਾਸ ਬਹੁਤ ਵਸੀਹ ਹੈ। ਵੀਹਵੀਂ ਸਦੀ ਵਿਚ ਜਾਰਜ ਬਰਨਾਰਡ ਸ਼ਾਅ ਤੋਂ ਲੈ ਕੇ ਆਰਨਲਡ ਵੈਸਕਰ, ਹਾਰਲਡ ਪਿੰਟਰ ਤੇ ਆਂਦਰੇ ਬਰੈਟਨ ਤੇ ਐਡਵਰਡ ਬਾਂਡ ਜਿਹੇ ਨਾਟਕਕਾਰ ਸਿਆਸੀ ਪੈਂਤੜੇ ਲੈਂਦੇ ਹਨ।

ਵੀਹਵੀਂ ਸਦੀ ਵਿਚ ਸੈਮੁਅਲ ਬੈਕਟ ਦਾ ਨਾਟਕ 'ਵੇਟਿੰਗ ਫਾਰ ਗੋਦੋ' ਬੰਦੇ ਦੀ ਹੋਣੀ ਬਾਰੇ ਇਕ ਪ੍ਰਮੁੱਖ ਨਾਟਕ ਮੰਨਿਆ ਜਾਂਦਾ ਹੈ। ਪਰ ਇਸ ਤੋਂ ਬਹੁਤ ਪਹਿਲਾਂ ਅਮਰੀਕਾ ਦੇ ਨਾਟਕਕਾਰ ਕਲਿਫੋਰਡ ਓਡਿਟ ਨੇ ਸਿਆਸੀ ਨਾਟਕ ਲਿਖਿਆ ਸੀ 'ਵੇਟਿੰਗ ਫਾਰ ਲੇਫਟੀ'। (ਏਥੇ ਸਿਆਸੀ ਤੋਂ ਭਾਵ ਹੈ ਕਿ ਖੁੱਲ੍ਹੇ ਤੌਰ 'ਤੇ ਸਿਆਸੀ ਪੈਂਤੜੇ ਲੈਣ ਵਾਲਾ ਨਾਟਕ। ਮੇਰੇ ਖ਼ਿਆਲ ਵਿਚ ਹਰ ਰਚਨਾ ਦਾ ਸਿਆਸੀ ਤੇ ਸੰਸਾਰਕ ਪਹਿਲੂ ਹੁੰਦਾ ਹੈ। 'ਵੇਟਿੰਗ ਫਾਰ ਗੋਦੋ' ਵੀ ਸਿਆਸੀ ਨਾਟਕ ਹੈ।) 'ਵੇਟਿੰਗ ਫਾਰ ਲੈਫਟੀ' 1930ਵਿਆਂ ਦੌਰਾਨ ਲਿਖਿਆ ਗਿਆ ਜਦੋਂ ਅਮਰੀਕਾ ਆਰਥਿਕ ਮੰਦਵਾੜੇ 'ਚੋਂ ਗੁਜ਼ਰ ਰਿਹਾ ਸੀ। ਇਸ ਨਾਟਕ ਵਿਚ ਪ੍ਰਮੁੱਖ ਰੋਲ ਈਲੀਆ ਕਜ਼ਾਨ ਨੇ ਕੀਤਾ। ਕਲਿਫੋਰਡ ਓਡਿਟ ਨੇ ਹੋਰ ਸਿਆਸੀ ਨਾਟਕ ਵੀ ਜਿਵੇਂ 'ਅਵੇਕ ਐਂਡ ਸਿਗ', 'ਪੈਰਾਡਾਈਜ਼ ਲਾਸਟ' ਆਦਿ ਵੀ ਲਿਖੇ ਜੋ ਅਮਰੀਕਾ ਦੀ ਮਜ਼ਦੂਰ ਜਮਾਤ ਨਾਲ ਸੰਬੰਧਿਤ ਹਨ। ਏਸੇ ਪਰੰਪਰਾ ਵਿਚ ਪਾਲਾ ਰਾਸਬਰਗ, ਇਓਕ ਬਰੰਮਬਰਗ, ਜੋਹਨ ਗਾਰਫੀਲਡ ਤੇ ਹੋਰ ਨਾਟਕਕਾਰ ਹਨ।

ਪਰ ਮੈਂ ਫਿਰ ਇਲੀਆ ਕਜ਼ਾਨ ਦੀ ਗੱਲ ਕਰਦਾ ਹਾਂ। ਉਹ ਕਲਿਫੋਡਰ ਓਡਿਟ ਦੇ ਨਾਟਕਾਂ ਵਿਚ ਰੋਲ ਕਰਦਾ ਹੈ। ਬਾਅਦ ਵਿਚ ਨਾਟਕਾਂ ਦਾ ਨਿਰਦੇਸ਼ਨ ਕਰਦਾ ਹੈ, ਫ਼ਿਲਮਾਂ ਦਾ ਨਿਰਦੇਸ਼ਨ ਕਰਦਾ ਹੈ, ਮਸ਼ਹੂਰ ਫਿਲਮਕਾਰ ਬਣਦਾ ਹੈ। 1950 ਦੇ ਲਾਗੇ ਚਾਗੇ ਉਹ ਆਰਥਰ ਮਿਲਰ ਦੇ ਨਾਟਕ 'ਡੈੱਥ ਆਫ਼ ਸੇਲਜ਼ਮੈਨ' ਦਾ ਨਿਰਦੇਸ਼ਨ ਕਰਦਾ ਹੈ। ਇਹ ਨਾਟਕ ਇਕ ਸੇਲਜ਼ਮੈਨ ਦੀ ਜ਼ਿੰਦਗੀ ਦਾ ਦੁਖਾਂਤ ਹੈ, 'ਮਹਾਨ ਅਮਰੀਕਨ ਸੁਪਨੇ' ਦਾ ਭੰਗ ਹੋਣਾ। 1952 ਵਿਚ ਹੀ ਅਮਰੀਕਨ ਸਰਕਾਰ ਖੱਬੇਪੱਖੀ ਕਾਰਕੁਨਾਂ ਤੇ ਹਮਦਰਦਾਂ ਦੀ ਨਿਸ਼ਾਨਦੇਹੀ ਕਰਨ ਲਈ ਅਮਰੀਕਨ ਸੈਨਟ ਦੀ ਕਮੇਟੀ ਬਣਾਉਂਦੀ ਹੈ। ਅਪਾਰ ਦੁੱਖ ਦੀ ਗੱਲ ਹੈ ਕਿ ਇਲੀਆ ਕਜ਼ਾਨ ਉਸ ਕਮੇਟੀ ਸਾਹਮਣੇ ਪੇਸ਼ ਹੁੰਦਾ ਹੈ ਤੇ ਉਨ੍ਹਾਂ ਲੋਕਾਂ ਦੇ ਨਾਂ ਦੱਸਦਾ ਹੈ ਜਿਹੜੇ ਖੱਬੇਪੱਖੀ ਲਹਿਰ ਨਾਲ ਸੰਬੰਧਿਤ ਰਹੇ। ਆਰਥਰ ਮਿਲਰ ਗੁੱਸੇ ਨਾਲ ਭਰ ਜਾਂਦਾ ਹੈ। ਉਹ ਇਲੀਆ ਕਜ਼ਾਨ ਨਾਲ ਬੋਲਣਾ ਬੰਦ ਕਰ ਦਿੰਦਾ ਹੈ ਤੇ ਮੈਸਾਰਿਊਟਸ ਦੇ ਸਾਲੇਮ ਨਾਮਕ ਪਿੰਡ ਵਿਚ 1692 ਵਿਚ ਹੋਈਆਂ ਘਟਨਾਵਾਂ ਬਾਰੇ ਨਾਟਕ 'ਦੀ ਕਰੂਸੀਬਲ' ਲਿਖਦਾ ਹੈ ਤੇ ਦੱਸਦਾ ਹੈ ਕਿ ਕਿਵੇਂ ਖੁੱਲ੍ਹ-ਮ-ਖੁੱਲ੍ਹੇ ਮੁਕੱਦਮੇ ਚਲਾ ਕੇ ਚੰਗੇ ਭਲੇ ਸ਼ਰੀਫ਼ ਬੰਦਿਆਂ ਨੂੰ ਗੁਨਾਹਗਾਰ ਠਹਿਰਾਇਆ ਜਾ ਸਕਦਾ ਹੈ।

ਹਿੰਦੁਸਤਾਨ ਵਿਚ ਕੀ ਹੁੰਦਾ ਹੈ। ਉਨ੍ਹੀਵੀਂ ਸਦੀ ਤੇ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਹਿੰਦੁਸਤਾਨ ਬਸਤੀਵਾਦੀ ਜਕੜ ਵਿਚ ਹੈ। ਜੋ ਹਿੰਦੁਸਤਾਨ ਵਿਚ ਹੁੰਦਾ ਹੈ ਉਹ ਅਨੂਪਮ ਹੈ। 1860 ਵਿਚ ਦੀਨ ਬੰਧੂ ਮਿੱਤਰਾ ਨੀਲ ਦੀ ਫ਼ਸਲ ਜਬਰਦਸਤੀ ਉਗਾਉਣ ਬਾਰੇ ਨਾਟਕ 'ਨੀਲ ਦਰਪਣ' ਲਿਖਦਾ ਹੈ। ਇਹ ਉਹ ਸਮੱਸਿਆ ਹੈ, ਉਹ ਜ਼ੁਲਮ ਹੈ ਜਿਸ ਵਿਰੁੱਧ ਅੱਧੀ ਸਦੀ ਬਾਅਦ ਮਹਾਤਮਾ ਗਾਂਧੀ ਆਪਣੀ ਪਹਿਲੀ ਲੋਕ ਲਹਿਰ ਲਾਮਬੰਦ ਕਰਦੇ ਹਨ, ਆਪਣਾ ਪਹਿਲਾ ਸਤਿਆਗ੍ਰਹਿ ਕਰਦੇ ਹਨ, ਜਿਸ ਨੂੰ ਅਸੀਂ ਚੰਪਾਰਨ ਦੇ ਘੋਲ ਜਾਂ ਸਤਿਆਗ੍ਰਹਿ ਵਜੋਂ ਜਾਣਦੇ ਹਾਂ। ਇਸ ਤਰ੍ਹਾਂ ਬਸਤੀਵਾਦੀ ਵਿਰੋਧੀ ਘੋਲ ਵਿਚ ਨਾਟਕਕਾਰ ਪਹਿਲ ਕਰਦਾ ਹੈ।

ਇਸ ਤਰ੍ਹਾਂ ਦੇ ਬਹੁਤ ਉਦਾਹਰਣ ਦਿੱਤੇ ਜਾ ਸਕਦੇ ਹਨ ਪਰ ਮੈਂ ਸਿਰਫ਼ ਕੁਝ ਉਦਾਹਰਣਾਂ ਹੀ ਦੇਣਾ ਚਾਹਵਾਂਗਾ। ਹਿੰਦੀ ਵਿਚ ਹਿੰਦੀ ਦਾ ਪਹਿਲਾ ਨਾਟਕਕਾਰ ਭਾਰਤਇੰਦੂ 'ਅੰਧੇਰ ਨਗਰੀ' ਤੇ 'ਭਾਰਤ ਦੁਰਦਸ਼ਾ' ਜਿਹੇ ਸਿਆਸੀ ਨਾਟਕ ਲਿਖਦਾ ਹੈ। 'ਅੰਧੇਰ ਨਗਰੀ' ਵਿਚ 'ਚਨਾ ਚੋਰ ਗਰਮ' ਵਾਲਾ ਗਾਣਾ ਮਸ਼ਹੂਰ ਹੁੰਦਾ ਹੈ। ਬਾਅਦ ਵਿਚ ਇਹ ਫ਼ਿਲਮ 'ਕ੍ਰਾਂਤੀ' ਵਿਚ

ਗਾਇਆ ਗਿਆ। ਮਰਾਠੀ ਨਾਟਕ ਦੀ ਗੱਲ ਕਰਦਿਆਂ ਇਹ ਯਾਦ ਕਰਨਾ ਬਣਦਾ ਹੈ ਕਿ ਕਿਵੇਂ ਅੰਗਰੇਜ਼ੀ ਸਰਕਾਰ 1907 ਵਿਚ ਖਾਂਡੇਲਕਰ ਦੇ ਨਾਟਕ 'ਕੀਚਕ ਵੱਧ' 'ਤੇ ਪਾਬੰਦੀ ਲਾਉਂਦੀ ਹੈ। ਬੰਗਾਲੀ ਵਿਚ ਰਾਬਿੰਦਰਨਾਥ ਟੈਗੋਰ 'ਵਿਸਰਜਨ' ਜਿਹਾ ਨਾਟਕ ਲਿਖਦੇ ਹਨ, ਜਿਸ ਵਿਚ ਲੋਕ ਲਹੂ ਚੂਸਣ ਵਾਲੀ ਧਾਰਮਿਕ ਪਰੰਪਰਾ ਵਿਰੁੱਧ ਖੜ੍ਹੇ ਹੋ ਜਾਂਦੇ ਹਨ।

ਏਸੇ ਤਰ੍ਹਾਂ ਦੇ ਉਦਾਹਰਣ ਲੋਕ-ਨਾਟ ਪਰੰਪਰਾ ਵਿਚ ਵੀ ਮਿਲਦੇ ਹਨ ਤੇ ਪੇਸ਼ੇਵਰ ਨਾਟਕ ਪਰੰਪਰਾ ਵਿਚ ਵੀ। ਗੁਲਾਮੀ ਦੇ ਵੇਲੇ ਵੀਹਵੀਂ ਸਦੀ ਵਿਚ ਨੌਟੰਕੀ ਦੀਆਂ ਕਈ ਕੰਪਨੀਆਂ ਹੋਂਦ ਵਿਚ ਆਉਂਦੀਆਂ ਹਨ। ਉਹ ਨੌਟੰਕੀ ਦੀ ਪਰੰਪਰਾ ਵਿਚ ਸਮਾਜਿਕ ਤੇ ਇਤਿਹਾਸਕ ਨਾਟਕ ਕਰਦੀਆਂ ਹਨ। ਇਹ ਨਾਟਕ ਪੈਸਾ ਕਮਾਉਣ ਲਈ ਵਪਾਰਕ ਨੁਕਤਾ ਨਿਗਾਹ ਤੋਂ ਖੇਡੇ ਜਾਂਦੇ ਹਨ। ਪਰ ਧਿਆਨ ਦੇਣ ਵਾਲੀ ਗੱਲ ਹੈ, ਇਹ ਨਾਟਕ ਕੰਪਨੀਆਂ ਆਪਣੇ ਆਲੇ ਦੁਆਲੇ ਹੋ ਰਹੀਆਂ ਘਟਨਾਵਾਂ ਤੋਂ ਬੇਲਾਗ ਨਹੀਂ। ਉਹ ਰਾਜਨੀਤਕ ਨਾਟਕ ਵੀ ਖੇਡਦੀਆਂ ਹਨ। ਸ੍ਰੀ ਕ੍ਰਿਸ਼ਨ ਪਹਿਲਵਾਨ ਦੀ ਨਾਟਕ ਕੰਪਨੀ ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਕਾਂਡ 'ਤੇ ਆਧਾਰਿਤ 'ਖ਼ੂਨੇ ਨਾਹਕ' ਨਾਂ ਦਾ ਨਾਟਕ ਖੇਡਦੀ ਹੈ ਤੇ 'ਸ਼ਹੀਦ ਭਗਤ ਸਿੰਘ' ਨਾਂ ਦਾ ਨੌਟੰਕੀ ਪੇਸ਼ ਕਰਦੀ ਹੈ। 1922 ਵਿਚ ਮਨੋਹਰ ਲਾਲ ਸ਼ੁਕਲ 'ਜ਼ੁਲਮੀ ਡਾਇਰ' ਨਾਂ ਦੀ ਨੌਟੰਕੀ ਲਿਖਦਾ ਹੈ। ਤ੍ਰੀਮੋਹਨ ਦੀ ਨਾਟਕ ਕੰਪਨੀ 'ਬਹਾਦਰ ਲੜਕੀ' ਨਾਂ ਦਾ ਨੌਟੰਕੀ ਕਰਦੀ ਹੈ ਜਿਸ ਵਿਚ ਮਸ਼ਹੂਰ ਅਦਾਕਾਰਾ ਗੁਲਾਬ ਬਾਈ ਫਰੀਦਾ ਦਾ ਰੋਲ ਕਰਦੀ ਹੈ। ਨਾਟਕ ਕਾਨਪੁਰ ਵਿਚ ਬਗਾਵਤ ਵਰਗੀ ਸਥਿਤੀ ਪੈਦਾ ਕਰ ਦਿੰਦਾ ਹੈ। ਤ੍ਰੀਮੋਹਨ ਦੀ ਕੰਪਨੀ ਨੂੰ ਸ਼ਹਿਰ-ਬਦਰ ਕਰ ਦਿੱਤਾ ਜਾਂਦਾ ਹੈ।

ਇਹ ਹੈ ਨਾਟਕ ਤੇ ਨਾਟਕਕਾਰਾਂ ਦਾ ਰੋਲ ਤੇ ਰੰਗਕਰਮੀਆਂ ਦਾ ਕੰਮ।

ਪੰਜਾਬੀ ਸਾਹਿਤ ਵਿਚ ਨਾਟਕ ਕੁਝ ਦੇਰ ਨਾਲ ਪ੍ਰਵੇਸ਼ ਕਰਦਾ ਹੈ ਪਰ ਜਦ ਆਪਣੇ ਪੂਰੇ ਜਲੌਅ ਵਿਚ ਆਉਂਦਾ ਹੈ ਤਾਂ ਉਹ ਲੋਕਪੱਖੀ ਪੈਂਤੜੇ ਲੈਂਦਾ ਹੈ। ਜੋਗਿੰਦਰ ਬਾਹਰਲਾ ਤੇ ਤੇਰਾ ਸਿੰਘ ਚੰਨ ਇਪਟਾ ਦਾ ਝੰਡਾ ਚੁੱਕਦੇ ਹਨ। ਬਲਵੰਤ ਗਾਰਗੀ 'ਬਿਸਵੇਦਾਰ' ਜਿਹਾ ਸਿਆਸੀ ਨਾਟਕ ਲਿਖਦਾ ਹੈ ਤੇ 'ਕਣਕ ਦੀ ਬੱਲੀ' ਤੇ 'ਮਿਰਜ਼ਾ ਸਾਹਿਬਾ' ਜਿਹੇ ਨਾਟਕਾਂ ਵਿਚ ਜਾਗੀਰਦਾਰੀ ਸਮਾਜ ਦੀ ਤਸਵੀਰਕਸ਼ੀ ਕਰਦਾ ਹੈ। ਚਰਨਦਾਸ ਸਿੱਧੂ 'ਬਾਬਾ ਬੰਤੂ' ਤੋਂ ਲੈ ਕੇ 'ਨਾਸਤਿਕ ਸ਼ਹੀਦ' ਤਕ ਕਈ ਸਿਆਸੀ ਤੇ ਲੋਕਪੱਖੀ ਨਾਟਕ ਲਿਖਦਾ ਹੈ। ਅਜਮੇਰ ਔਲਖ ਸਿੱਧੇ ਤੇ ਸਪੱਸ਼ਟ ਲੋਕਪੱਖੀ ਪੈਂਤੜੇ ਲੈਂਦੇ ਹਨ। ਆਤਮਜੀਤ 'ਕਾਮਰੇਡ ਮੰਗੂ' ਜਿਹਾ ਨਾਟਕ ਲਿਖਦਾ ਹੈ।

ਇਹ ਸਾਰਾ ਕੁਝ ਕਹਿਣ ਤੋਂ ਭਾਵ ਇਹ ਹੈ ਕਿ ਇਹ ਵੀਹਵੀਂ ਸਦੀ ਦੇ ਨਾਟਕਕਾਰ ਦੀ ਹੋਣੀ ਹੈ ਕਿ ਉਹ ਲੋਕਪੱਖੀ ਪੈਂਤੜੇ ਲਵੇ। ਨਾਟਕ ਨੂੰ ਹਥਿਆਰ ਵਜੋਂ ਵਰਤੇ। ਦੱਬੇ ਕੁਚਲੇ ਲੋਕਾਂ ਨਾਲ ਖੜ੍ਹਾ ਹੋਵੇ। ਤੇ ਭਾ'ਜੀ ਗੁਰਸ਼ਰਨ ਸਿੰਘ ਸੰਸਾਰ ਭਰ ਦੇ ਉਨ੍ਹਾਂ ਨਾਟਕਕਾਰਾਂ ਦੀ ਪਰੰਪਰਾ ਵਿਚ ਆਉਂਦੇ ਹਨ ਜਿਨ੍ਹਾਂ ਨੇ ਨਾਟਕ ਨੂੰ ਲੋਕ ਵਿਰੋਧੀ ਤਾਕਤਾਂ ਨਾਲ ਲੜਨ ਲਈ ਹਥਿਆਰ ਵਜੋਂ ਵਰਤਿਆ। 1979 ਦਾ ਵਰ੍ਹਾ ਉਨ੍ਹਾਂ ਦੀ ਜ਼ਿੰਦਗੀ ਵਿਚ ਮੀਲ ਪੱਥਰ ਵਾਂਗ ਹੈ। ਸੰਨ 1979 ਵਿਚ ਭਾ'ਜੀ ਵੱਡਾ ਫ਼ੈਸਲਾ ਲੈਂਦੇ ਹਨ ਜਿਵੇਂ ਇਕ ਪੰਜਾਬੀ ਕਵੀ ਨੇ ਕਿਹਾ ਹੈ, 'ਲੱਖ ਖ਼ੁਸ਼ੀਆਂ ਅਸਾਂ ਸੁੱਟ ਪਾਈਆਂ, ਇਕ ਇਲਮ ਪ੍ਰੇਮ ਦਾ ਰੱਖ ਲੀਤਾ'। ਉਹ ਨੌਕਰੀ ਛੱਡ ਦਿੰਦੇ ਹਨ। ਨੌਕਰੀ ਨਾਲ ਜੁੜੇ ਸੁੱਖ, ਸੁਰੱਖਿਆ, ਕਮਾਈ, ਕੁਰਸੀ ਦਾ ਜਲੌਅ ਛੱਡ ਦਿੰਦੇ ਹਨ ਤੇ ਨਾਟਕ ਨੂੰ ਚੁਣਦੇ ਹਨ। ਸੰਨ 1979 ਵਿਚ ਗੁਰਸ਼ਰਨ ਸਿੰਘ ਪੰਜਾਬ ਦੇ ਜੋਗੀ ਬਣ ਕੇ ਪੰਜਾਬ ਦੀ ਖ਼ਲਕ ਦੇ ਦਰ 'ਤੇ ਅਲਖ ਜਗਾਉਂਦੇ ਨੇ ਤੇ ਸੰਨ 2011 ਤਕ ਅਲਖ ਜਗਾਉਂਦੇ ਜਗਾਉਂਦੇ ਤੁਰ ਜਾਂਦੇ ਨੇ।

ਭਾ'ਜੀ ਦੇ ਨਾਟਕ ਕੀ ਕਰਦੇ ਹਨ? ਮੁੱਖ ਤੌਰ 'ਤੇ ਭਾ'ਜੀ ਦੇ ਨਾਟਕ ਦਰਸ਼ਕਾਂ ਵਿਚ ਚੇਤਨਾ ਲਿਆਉਣਾ ਚਾਹੁੰਦੇ ਹਨ। ਇਹ ਚੇਤਨਾ ਕਿ ਕਿਵੇਂ ਉਨ੍ਹਾਂ ਦੀ ਸਮਾਜਿਕ ਅਤੇ ਆਰਥਕ ਲੁੱਟ ਹੁੰਦੀ ਹੈ, ਸ਼ੋਸ਼ਣ ਹੁੰਦਾ ਹੈ। ਉਹ ਇਟਲੀ ਦੇ ਨਾਟਕਕਾਰ ਡੇਰੀਓ ਫੋ ਵਾਂਗ ਸਿੱਧੇ ਤੌਰ 'ਤੇ ਲੜਨਾ ਚਾਹੁੰਦੇ ਹਨ। ਲੋਕਾਂ ਨਾਲ ਮੋਢਾ ਜੋੜ ਕੇ ਸੰਘਰਸ਼ ਕਰਨਾ ਚਾਹੁੰਦੇ ਹਨ। ਉਨ੍ਹਾਂ ਕੋਲ ਖੱਬੇਪੱਖੀ ਦ੍ਰਿਸ਼ਟੀਕੋਣ ਤਾਂ ਹੈ ਈ ਪਰ ਜਿਸ ਗੱਲ 'ਤੇ ਆਪਣੇ ਨਾਟਕਾਂ ਵਿਚ ਉਹ ਸਭ ਤੋਂ ਜ਼ਿਆਦਾ ਜ਼ੋਰ ਦਿੰਦੇ ਹਨ, ਉਹ ਹੈ ਸਮਾਜਿਕ ਏਕਤਾ, ਦੱਬੇ ਕੁਚਲੇ ਦਮਿਤ ਅਤੇ ਦਲਿਤ ਲੋਕਾਂ ਦੀ ਯਕਯਹਿਤੀ, ਉਨ੍ਹਾਂ ਦਾ ਇਤਿਹਾਦ। ਬਹੁਤ ਸਾਰੇ ਨਾਟਕਾਂ ਵਿਚ ਉਹ ਬੁੱਧੀਜੀਵੀਆਂ, ਮੱਧਵਰਗੀ ਜਮਾਤਾਂ, ਨੌਜਵਾਨਾਂ ਵਿਦਿਆਰਥੀਆਂ, ਕਾਮਿਆਂ, ਕਿਸਾਨਾਂ ਤੇ ਕੰਮੀਆਂ ਦੀ ਏਕਤਾ ਦਾ ਸੁਨੇਹਾ ਦਿੰਦੇ ਹਨ। 80ਵਿਆਂ ਵਿਚ ਲਿਖੇ ਆਪਣੇ ਨਾਟਕਾਂ 'ਕੋਲਾਜ', 'ਤੇਰਾ ਨਾਂ ਪੰਜਾਬ', 'ਬਾਬਾ ਬੋਲਦਾ ਹੈ', 'ਕਰਫਿਊ', 'ਰਾਜ ਸਾਹਬਾਂ ਦਾ', 'ਹੋਰ ਭੀ ਉਠਸੀ ਮਰਦ ਕਾ ਚੇਲਾ' ਵਿਚ ਭਾ'ਜੀ ਆਪਣਾ ਸੁਨੇਹਾ ਸਿੱਧੇ ਤੌਰ 'ਤੇ ਲੋਕਾਂ ਨੂੰ ਦਿੰਦੇ ਹੋਏ ਇਕ ਪਾਸੇ ਅਤਿਵਾਦੀਆਂ ਵਿਰੁੱਧ ਲੜਦੇ ਹਨ ਤੇ ਨਾਲ ਨਾਲ ਹੀ ਸਰਕਾਰੀ ਆਤੰਕ ਦੇ ਵਿਰੁੱਧ ਵੀ। ਇਨ੍ਹਾਂ ਹੀ ਦਿਨਾਂ ਦੇ ਇਕ ਹੋਰ ਨਾਟਕ 'ਜੰਗੀ ਰਾਮ ਦੀ ਹਵੇਲੀ' ਵਿਚ ਭਾ'ਜੀ ਵਿਅੰਗ ਦਾ ਸਹਾਰਾ ਲੈਂਦੇ ਹਨ। ਡੇਰੀਓ ਫੋ ਨੇ ਕਿਹਾ ਹੈ "ਵਰਤਮਾਨ ਹਾਲਾਤ ਦੀ ਭੰਨਤੋੜ ਕਰਨੀ ਵਿਅੰਗ ਰਾਹੀਂ ਹੀ ਮੁਮਕਿਨ ਹੁੰਦੀ ਹੈ।" 'ਜੰਗੀਰਾਮ ਦੀ ਹਵੇਲੀ' ਮੌਜੂਦਾ ਸੂਰਤੇਹਾਲ ਦੀ ਭੰਨਤੋੜ ਕਰਨ ਵਾਲਾ ਨਾਟਕ ਹੈ, ਓਸੇ ਤਰ੍ਹਾਂ ਜਿਵੇਂ ਗਗੋਲ ਦਾ 'ਇੰਸਪੈਕਟਰ ਜਰਨਲ'।

ਭਾ'ਜੀ ਹੋਰ ਕਈ ਨਾਟਕਾਂ ਵਿਚ ਵਿਅੰਗ ਦੀ ਜੁਗਤ ਅਪਣਾਉਂਦੇ ਹਨ, ਜਿਵੇਂ 'ਇਜ਼ਤਦਾਰ ਮੰਗਤੇ', 'ਭੰਡ ਕੈਨੇਡਾ ਆਏ' ਆਦਿ। ਵਿਅੰਗ ਦੇ ਨਾਲ ਨਾਲ ਭਾ ਜੀ ਪ੍ਰਚਾਰ ਕਰਦੇ ਹਨ। ਕੁਝ ਲੋਕ ਪ੍ਰਚਾਰ ਦੇ ਵਿਰੁੱਧ ਹਨ। ਪ੍ਰਚਾਰ ਸਮਾਜਕ ਚੇਤਨਾ ਫੈਲਾਉਣ ਦਾ ਪ੍ਰਮੁੱਖ ਵਸੀਲਾ ਹੈ। ਬਰਨਾਰਡ ਸ਼ਾਅ ਕਿਹਾ ਕਰਦਾ ਸੀ, "ਮੈਂ ਸਮਾਜਵਾਦੀ ਹਾਂ, ਮੈਨੂੰ ਪ੍ਰਚਾਰ ਕਰਨਾ ਪੈਣਾ ਹੈ।"

ਇਕ ਹੋਰ ਨਾਟਕ ਜਿਸ ਵੱਲ ਮੈਂ ਵਿਦਿਆਰਥੀਆਂ ਦਾ ਖ਼ਾਸ ਧਿਆਨ ਦਿਵਾਉਣਾ ਚਾਹੁੰਦਾ ਹਾਂ, ਉਹ ਹੈ 'ਧਮਕ ਨਗਾਰੇ ਦੀ'। ਇਹ ਨਾਟਕ ਦੁੱਲਾ ਭੱਟੀ ਨਾਲ ਸੰਬੰਧਿਤ ਹੈ। ਦੁੱਲਾ ਭੱਟੀ ਬਾਰੇ ਪਹਿਲੇ ਨਾਟਕ ਇਸਹਾਕ ਮੁਹੰਮਦ ਤੇ ਨਜਮ ਹੁਸੈਨ ਸੱਯਦ ਨੇ ਲਿਖੇ। ਆਪਣੇ 'ਤਖ਼ਤ ਲਾਹੌਰ' ਵਿਚ ਨਜਮ ਹੁਸੈਨ ਸੱਯਦ ਨੇ ਦੁੱਲੇ ਦੀ ਨਾਬਰੀ ਤੇ ਸ਼ਾਹ ਹੁਸੈਨ ਦਾ ਬੌਧਿਕ ਬਗਾਵਤ ਦਾ ਸਮਨਵੇ ਪੇਸ਼ ਕਰਕੇ ਉਸ ਵੇਲੇ ਦੀ ਪੰਜਾਬੀ ਸਮਾਜ ਅੰਦਰਲੀ ਨਾਬਰੀ ਸੁਰਾਂ ਨੂੰ ਸਹਿਧਰਮੀ ਬਣਾ ਕੇ ਪੇਸ਼ ਕੀਤਾ। ਭਾ'ਜੀ ਗੁਰਸ਼ਰਨ ਸਿੰਘ ਦੁੱਲੇ ਨੂੰ ਪੂਰੇ ਪੰਜਾਬ ਦਾ ਨਾਇਕ ਬਣਾ ਦਿੰਦੇ ਹਨ। ਇਸ ਨਾਟਕ ਦਾ ਇਤਿਹਾਸ ਅਲੋਕਾਰ ਹੈ। ਅਮਰਜੀਤ ਚੰਦਨ ਤੇ ਸ਼ਹਰਯਾਰ ਇਸ ਦੇ ਗੀਤ ਲਿਖਦੇ ਹਨ। ਬੰਸੀ ਕੌਲ ਉਸ ਦਾ ਨਿਰਦੇਸ਼ਕ ਹੈ। ਜਿਨ੍ਹਾਂ ਲੋਕਾਂ ਨੇ ਇਹ ਨਾਟਕ ਵੇਖਿਆ ਹੈ, ਉਹ ਜਾਣਦੇ ਹਨ ਕਿਵੇਂ ਇਹ ਨਾਟਕ ਰੌਂਗਟੇ ਖੜ੍ਹੇ ਕਰ ਦੇਣ ਵਾਲਾ ਨਾਟਕ ਹੈ। ਮੇਰਾ ਇਹ ਦਾਅਵਾ ਹੈ ਕਿ ਉਹ ਦਰਸ਼ਕ ਜਿਨ੍ਹਾਂ ਨੇ ਇਸ ਨਾਟਕ ਨੂੰ ਕੁਸ਼ਲ ਨਿਰਦੇਸ਼ਨਾ ਤੇ ਆਪਣੀ ਪੂਰੀ ਭਰਪੂਰਤਾ ਵਾਲੀ ਪੇਸ਼ਕਾਰੀ ਵਿਚ ਵੇਖਿਆ ਹੋਵੇਗਾ, ਉਨ੍ਹਾਂ ਦਾ ਜ਼ਿੰਦਗੀ ਪ੍ਰਤੀ ਨਜ਼ਰੀਆ ਜ਼ਰੂਰ ਬਦਲ ਗਿਆ ਹੋਵੇਗਾ। ਇਹ ਕੰਮ ਹੈ ਜੋ ਨਾਟਕ ਨੂੰ ਕਰਨਾ ਚਾਹੀਦਾ ਹੈ ਤੇ ਇਹ ਕੰਮ ਭਾ'ਜੀ ਦੇ ਨਾਟਕ ਕਰਦੇ ਹਨ।

ਕੁਝ ਲੋਕਾਂ ਦਾ ਖ਼ਿਆਲ ਹੈ ਕਿ ਭਾ'ਜੀ ਦੇ ਨਾਟਕਾਂ ਵਿਚੋਂ ਕੀ ਨਿਕਲਣਾ ਹੈ? ਉਹ ਕਹਿੰਦੇ ਹਨ ਕੁਝ ਨਹੀਂ ਨਿਕਲਣਾ, ਆਖ਼ਰ ਭਾ'ਜੀ ਨੇ ਇਨਕਲਾਬ ਦਾ ਨਾਹਰਾ ਦੇਣਾ ਹੈ, ਕਿਸੇ ਇਕ ਪਾਰਟੀ ਦੀ ਸਿਆਸਤ ਦਾ ਨਾਹਰਾ ਦੇਣਾ ਹੈ। ਪਰ ਮੈਂ ਜਦ ਭਾ'ਜੀ ਦੇ ਨਾਟਕ ਵੇਖਦਾ ਹਾਂ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਉਹ ਭਾ'ਜੀ ਲੋਕਰਾਜੀ ਪ੍ਰਕਿਰਿਆ ਬਾਰੇ ਉਦਾਸੀਨ ਨਹੀਂ ਹਨ। ਭਾ'ਜੀ ਨੇ ਬਹੁਤ ਪਹਿਲਾਂ ਇਕ ਨਾਟਕ ਪਲੈਨਿੰਗ ਦੇ ਮਹੱਤਵ ਬਾਰੇ ਲਿਖਿਆ ਤੇ ਬਹੁਤ ਬਾਅਦ ਵਿਚ ਇਕ ਦਲਿਤ ਔਰਤ ਦੇ ਸਰਪੰਚ ਬਨਣ ਬਾਰੇ (ਨਾਟਕ 'ਸਰਪੰਚ')। ਸਪੱਸ਼ਟ ਹੈ ਕਿ ਜਿਥੇ ਲੋਕਰਾਜੀ ਪ੍ਰਕਿਰਿਆ ਲੋਕਹਿਤ ਵਾਲੀ ਹੈ, ਉਸ ਦਾ ਸਮਰਥਨ ਕਰਨਾ ਬਣਦਾ ਹੈ। ਏਸੇ ਤਰ੍ਹਾਂ ਜਿਥੇ ਇਹ ਪ੍ਰਕਿਰਿਆ ਲੋਕ ਹਿਤਾਂ ਦੇ ਵਿਰੁੱਧ ਜਾਂਦੀ ਹੈ, ਲੁੱਟ ਖਸੁੱਟ ਦੀ ਭਾਈਵਾਲ ਬਣਦੀ ਹੈ, ਓਥੇ ਭਾ'ਜੀ ਇਸ ਦਾ ਵਿਰੋਧ ਕਰਦੇ ਹਨ। 'ਮੇਲੋ' ਇਸ ਤਰ੍ਹਾਂ ਦੇ ਨਾਟਕਾਂ ਵਿਚ ਇਕ ਹੋਰ ਨਾਟਕ ਹੈ।

ਭਾ'ਜੀ ਦੇ ਬਹੁਤ ਸਾਰੇ ਨਾਟਕਾਂ ਬਾਰੇ ਗੱਲ ਕਰਨੀ ਬਣਦੀ ਹੈ। ਪਰ ਸਮੇਂ ਦੀ ਪਾਬੰਦੀ ਹੈ। ਮੈਂ ਉਨ੍ਹਾਂ ਦੇ ਨਾਟਕ 'ਅਪਰੇਸ਼ਨ ਚਿੱਟਾ ਚੰਨ' ਬਾਰੇ ਗੱਲ ਕਰਾਂਗਾ। ਇਸ ਨਾਟਕ ਵਿਚ ਇਕ ਔਰਤ ਦੇ ਪਤੀ ਦਾ ਕਤਲ ਹੋ ਗਿਆ ਤੇ ਤਹਿਕੀਕਾਤ ਹੋ ਰਹੀ ਹੈ। ਹਾਕਮ ਇਕ ਬੰਦੇ ਨੂੰ ਇਸ ਕੇਸ ਵਿਚ ਫਸਾਉਣਾ ਚਾਹੁੰਦੇ ਹਨ। ਉਸ ਬੰਦੇ ਦਾ ਇਸ ਔਰਤ ਦੇ ਘਰ ਆਉਣ ਜਾਣ ਸੀ। ਹਾਕਮ ਔਰਤ ਤੋਂ ਇਹ ਕਹਿਲਾਉਣਾ ਚਾਹੁੰਦੇ ਹਨ ਕਿ ਉਹ ਕਹਿ ਦੇਵੇ ਕਿ ਉਹਦੇ ਇਸ ਬੰਦੇ ਨਾਲ ਤੁਅਲਕਾਤ ਸਨ, ਔਰਤ ਦੇ ਪਤੀ ਨੂੰ ਇਸ ਬਾਰੇ ਸ਼ੱਕ ਹੋ ਗਿਆ ਸੀ ਤੇ ਇਸ ਕਰਕੇ ਏਸ ਬੰਦੇ ਨੇ ਉਹਦੇ ਪਤੀ ਦਾ ਕਤਲ ਕਰ ਦਿੱਤਾ। ਔਰਤ ਉੱਤੇ ਮਾਨਸਿਕ ਦਬਾਅ ਪਾਇਆ ਜਾਂਦਾ ਹੈ। ਮੈਨੂੰ ਲੱਗਦਾ ਹੈ ਭਾ'ਜੀ ਗੁਰਸ਼ਰਨ ਸਿੰਘ ਦੇ ਪਾਠਕ ਤੇ ਦਰਸ਼ਕ ਆਸ਼ਾ ਕਰਦੇ ਹਨ ਕਿ ਹੁਣੇ ਇਹ ਔਰਤ ਜਬਰ ਜ਼ੁਲਮ ਦੇ ਵਿਰੁੱਧ ਨਾਹਰਾ ਮਾਰੇਗੀ ਤੇ ਖੁੱਲ੍ਹ-ਮ-ਖੁੱਲ੍ਹਾ ਹਾਕਮਾਂ ਤੇ ਤਹਿਕੀਕਾਤ ਕਰਨ ਵਾਲਿਆਂ ਵਿਰੁੱਧ ਪੈਂਤੜਾ ਲਵੇਗੀ। ਪਰ ਹੁੰਦਾ ਇਸ ਦੇ ਉਲਟ ਹੈ, ਔਰਤ ਪਾਗਲ ਹੋ ਜਾਂਦੀ ਹੈ। ਮੈਂ ਏਥੇ ਕਹਿਣਾ ਇਹ ਚਾਹੁੰਦਾ ਹਾਂ ਕਿ ਭਾ'ਜੀ ਹਮੇਸ਼ਾ ਪਾਤਰਾਂ ਨੂੰ ਬਾਗੀ ਜਾਂ ਨਾਹਰਾ ਮਾਰਨ ਵਾਲੇ ਲੋਕਾਂ ਵਾਂਗ ਨਹੀਂ ਚਿਤਰਦੇ। ਭਾ'ਜੀ ਆਪਣੇ ਪਾਤਰਾਂ ਦੀ ਸਮਾਜਿਕ ਤੇ ਮਾਨਸਿਕ ਜਟਿਲਤਾ ਤੇ ਬੇਵਸੀਆਂ ਨੂੰ ਸਮਝਦੇ ਹਨ ਤੇ ਬਹੁਤ ਸਾਰੇ ਪਾਤਰਾਂ ਦਾ ਚਿਤਰਣ ਉਨ੍ਹਾਂ ਦੀ ਪੂਰੀ ਜਟਿਲਤਾ ਨਾਲ ਹੁੰਦਾ ਹੈ।

ਕੁਝ ਲੋਕਾਂ ਦਾ ਖ਼ਿਆਲ ਹੈ ਕਿ ਖ਼ਬਰਾਂ ਤੋਂ ਸਾਹਿਤ ਨਹੀਂ ਬਣ ਸਕਦਾ ਤੇ ਭਾ'ਜੀ ਖ਼ਬਰਾਂ ਤੋਂ ਸਾਹਿਤ ਬਣਾਉਂਦੇ ਰਹੇ ਹਨ। ਦੁਨੀਆ ਦਾ ਬਹੁਤ ਸਾਰਾ ਸਾਹਿਤ ਤਤਕਾਲੀਨ ਵਿਸ਼ਿਆਂ ਤੇ ਖ਼ਬਰਾਂ 'ਤੇ ਲਿਖਿਆ ਗਿਆ। ਸਾਡੇ ਸਾਹਮਣੇ ਸਾਅਦਤ ਹਸਨ ਮੰਟੋ ਦੀ ਉਦਾਹਰਣ ਹੈ। ਟਾਲਸਟਾਏ ਨੇ ਆਪਣਾ ਨਾਵਲ 'ਐਨਾ ਕੈਰਨੀਨਾ' ਸ਼ੁਰੂ ਕੀਤਾ ਤਾਂ ਉਸ ਸਾਹਮਣੇ ਉਸ ਔਰਤ ਦੀ ਖ਼ਬਰ ਸੀ ਜਿਸ ਨੇ ਰੇਲਗੱਡੀ ਹੇਠਾਂ ਆ ਕੇ ਆਤਮਹੱਤਿਆ ਕਰ ਲਈ ਸੀ। ਸ਼ੈਕਸਪੀਅਰ ਦਾ ਨਾਟਕ 'ਦਾ ਟੈਮਪੈਸਟ' ਉਸ ਵੇਲੇ ਦੀ ਇਕ ਘਟਨਾ 'ਤੇ ਆਧਾਰਿਤ ਸੀ। ਏਥੇ ਸੈਂਕੜੇ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਪੀਟਰ ਸ਼ੈਫਰ ਦਾ ਨਾਟਕ 'ਈਕਸ' (Equus) ਘੋੜਿਆਂ ਨੂੰ ਅੰਨ੍ਹੇ ਕਰ ਦੇਣ ਵਾਲੀ ਇਕ ਘਟਨਾ ਬਾਰੇ ਖ਼ਬਰ ਸੁਣਨ ਤੋਂ ਬਾਅਦ ਲਿਖਿਆ ਗਿਆ। ਵੇਖਣਾ ਇਹ ਹੁੰਦਾ ਹੈ ਕਿ ਨਾਟਕਕਾਰ ਉਸ ਖ਼ਬਰ ਨੂੰ ਸਮਾਜਕ ਯਥਾਰਥ ਨਾਲ ਕਿਵੇਂ ਬੰਨ੍ਹਦਾ ਹੈ।

ਭਾ'ਜੀ ਦੇ ਨਾਟਕਾਂ ਦਾ ਸੰਸਾਰ ਬਹੁਤ ਵਿਸ਼ਾਲ ਹੈ। ਉਸ ਵਿਚ ਸੈਂਕੜੇ ਪਾਤਰ ਹਨ। ਪੰਜਾਬ ਦਾ ਲੋਕ ਜੀਵਨ ਹੈ, ਉਸ ਵਿਚਲੇ ਨਰਕ ਸਵਰਗ ਹਨ। ਨਾਟਕ 'ਮੈਕਬੈਥ' ਵਿਚ ਸ਼ੈਕਸਪੀਅਰ ਕਹਿੰਦਾ ਹੈ : Hear it not, Duncan, it is a knell, That summons thee to heaven or to hell. ਤੇ ਫਿਰ ਬਾਦਸ਼ਾਹ ਡਨਕਨ ਆਪਣੇ ਸਿਰਜੇ ਨਰਕ ਦੀ ਯਾਤਰਾ 'ਤੇ ਤੁਰ ਪੈਂਦਾ ਹੈ। ਏਸੇ ਤਰ੍ਹਾਂ ਭਾ'ਜੀ ਦੇ ਨਾਟਕ ਸਾਨੂੰ ਪੰਜਾਬੀ ਬੰਦੇ ਅੰਦਰਲੇ ਵੱਖ ਵੱਖ ਸੰਸਾਰਾਂ, ਸਵਰਗਾਂ, ਨਰਕਾਂ ਤੇ ਉਹਦੀਆਂ ਕਰਮ ਭੂਮੀਆਂ ਦੀ ਯਾਤਰਾ ਕਰਵਾਉਂਦੇ ਹਨ।

ਪੰਜਾਬੀ ਅਦੀਬਾਂ ਨੇ ਕਿਸ ਰਾਹ 'ਤੇ ਤੁਰਨਾ ਹੈ, ਇਹ ਫ਼ੈਸਲਾ ਸ਼ਾਇਦ ਬੁੱਲ੍ਹੇ ਸ਼ਾਹ ਨੇ ਕਰ ਦਿੱਤਾ ਹੈ। ਉਸ ਨੇ ਪੰਜਾਬੀ ਅਦੀਬਾਂ ਬਾਰੇ ਇਹ ਕੰਮ ਮਿਥਿਆ ਸੀ ਕਿ ਉਨ੍ਹਾਂ ਨੇ ਦਰਬਾਰ ਵਿਚ ਛਿੰਜ ਪਾਉਣੀ ਹੈ। ਉਹ ਕਹਿੰਦਾ ਏ 'ਵਾਹ ਵਾਹ ਛਿੰਜ ਪਈ ਦਰਬਾਰ' ਤੇ ਫਿਰ ਕਹਿੰਦਾ ਏ 'ਲਾਹ ਪਗੜੀ ਭੋਇੰ ਮਾਰ'। ਭਾ'ਜੀ ਨੇ ਦਰਬਾਰ ਵਿਚ ਛਿੰਜ ਪਾਈ। ਦਰਬਾਰੀਆਂ ਤੇ ਸਰਕਾਰੀਆਂ ਨੂੰ ਵੰਗਾਰਿਆ। ਏਸੇ ਲਈ ਸੁਰਜੀਤ ਹਾਂਸ ਨੇ ਲਿਖਿਆ ਏ :


ਨਾਟਕ ਕਰੇ ਭਵਿੱਖ ਦਾ, ਮਾਨਵ ਦਾ ਤੂਰਾ
ਵਾਮਪੰਥ ਦੇ ਜੰਗਲੀ, ਇਹ ਸ਼ੇਰ ਹੈ ਭੂਰਾ

ਅਸੀਂ ਗੱਲਾਂ ਬਹੁਤ ਅਗਾਂਹ ਦੀਆਂ ਕਰ ਸਕਦੇ ਹਾਂ ਪਰ ਗੱਲ ਜਦ ਅਮਲਾਂ 'ਤੇ ਆਉਂਦੀ ਹੈ ਤਾਂ ਸਾਡੇ ਅੰਦਰ ਜਾਤੀ, ਜਮਾਤੀ ਤੇ ਨਿੱਜੀ ਅਹੰਕਾਰ ਦੇ ਭਾਵ ਜਾਗ ਪੈਂਦੇ ਹਨ। ਸਾਡੇ ਸਮਾਜੀ ਵਿਹਾਰ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਾਡਾ ਆਪਣੀਆਂ ਔਰਤਾਂ, ਧੀਆਂ, ਭੈਣਾਂ ਬਾਰੇ ਰਵੱਈਆ ਕਿਹੋ ਜਿਹਾ ਹੈ, ਉਨ੍ਹਾਂ ਲੋਕਾਂ ਬਾਰੇ ਸਾਡਾ ਰਵੱਈਆ ਕਿਹੋ ਜਿਹਾ ਹੈ, ਜਿਨ੍ਹਾਂ ਨੂੰ ਦਲਿਤ ਕਿਹਾ ਜਾਂਦਾ ਹੈ। ਉਸ ਸਮਾਜਕ ਸੋਚ ਤੇ ਅਮਲ ਬਾਰੇ ਸਾਡਾ ਰਵੱਈਆ ਕਿਸ ਤਰ੍ਹਾਂ ਦਾ ਹੈ ਜੋ ਕੁਝ ਲੋਕਾਂ ਨੂੰ ਦਲਿਤ ਬਣਾ ਦਿੰਦਾ ਹੈ ਤੇ ਕੁਝ ਲੋਕਾਂ ਨੂੰ ਤਥਾਕਥਿਤ ਉੱਚੀਆਂ ਜਾਤਾਂ ਵਾਲੇ। ਸਾਡੀਆਂ ਵੱਡੀਆਂ ਵੱਡੀਆਂ ਗੱਲ ਕਰਨ ਵਾਲੀ ਜੋ ਪਹੁੰਚ ਹੈ ਤੇ ਸਾਡੇ ਜੋ ਅਮਲ ਨੇ ਤੇ ਇਨ੍ਹਾਂ ਵਿਚਕਾਰ ਜੋ ਵਿੱਥ ਤੇ ਪਾੜਾ ਹੈ, ਉਹਦੇ ਬਾਰੇ ਭਾ'ਜੀ ਨੇ ਕਿਹਾ ਸੀ—

ਗੱਲਾਂ ਇੱਕੀਵੀਂ ਸਦੀ ਦੀਆਂ ਚਲਦੀਆਂ ਨੇ
ਟੁੱਭੀਆਂ ਪਹਿਲੀ ਸਦੀ ਵਿਚ ਲੱਗਦੀਆਂ ਨੇ

ਆਓ ! ਭਾ'ਜੀ ਗੁਰਸ਼ਰਨ ਸਿੰਘ ਨੂੰ ਮੁੜ ਪੜ੍ਹੀਏ ਤੇ ਉਨ੍ਹਾਂ ਵਰਗਾ ਥੋੜ੍ਹਾ ਬਹੁਤ ਕੁਝ ਕਰਨ ਦੀ ਕੋਸ਼ਿਸ਼ ਕਰੀਏ।

**




## ਵਾਰ ਐਂਡ ਪੀਸ (War And Peace) ਦਾ ਪਾਠ

ਟਾਲਸਟਾਏ ਦੀ ਪੋਤਰੀ ਦੀ ਪੋਤਰੀ ਫੇਕਲਾ ਟਾਲਸਟਾਏ ਤੇ ਪੋਲਿਸ਼ ਫ਼ਿਲਮਸਾਜ਼ ਵਾਜਦਾ ਦੇ ਉਦਮ ਨਾਲ ਟਾਲਸਟਾਏ ਦੇ ਸ਼ਾਹਕਾਰ ਨਾਵਲ 'ਵਾਰ ਐਂਡ ਪੀਸ' ਦਾ ਪਾਠ 6000 ਲੋਕ ਦੁਆਰਾ ਕੀਤਾ ਗਿਆ। ਹਰ ਇਕ ਨੇ ਦੋ ਤੋਂ ਤਿੰਨ ਮਿੰਟ ਤਕ ਇਸ ਸ਼ਾਹਕਾਰ ਰਚਨਾ ਦਾ ਪਾਠ ਕੀਤਾ। 8 ਦਸੰਬਰ (ਮੰਗਲਵਾਰ) ਤੋਂ 11 ਦਸੰਬਰ (ਸ਼ੁਕਰਵਾਰ) ਤਕ ਚੱਲਿਆ ਇਹ ਪਾਠ ਇਕ ਇਤਿਹਾਸਕ ਉਦਮ ਸੀ। ਤਿੜਕਦੀਆਂ ਕਦਰਾਂ-ਕੀਮਤਾਂ ਅਤੇ ਉਲਝੀਆਂ ਖ਼ਿਆਲ ਤੰਦਾਂ 'ਤੇ ਕਿਸੇ ਅਮਰ-ਸੱਚ ਵਰਗੀ ਸ਼ੈਅ ਤੂੰਕਣ ਦਾ। ਕੁਝ ਹਿੱਸੇ ਫਰੈਂਚ ਪਾਠਕਾਂ ਵੀ ਪੜ੍ਹੇ ਗਏ। ਰੂਸ ਦਾ ਕਲਚਰ ਮਨਿਸਟਰ ਵੀ ਸ਼ਾਮਲ ਹੋਇਆ। ਰੂਸੀ ਲੋਕਾਂ 2015 ਨੂੰ ਬਤੌਰ ਸਾਹਿਤ ਦਾ ਵਰ੍ਹਾ ਮਨਾਇਆ।